# New Directions

## The Learning & Employment Service for Reading

Punjabi

## ਨਵੀਂਆਂ ਦਿਸ਼ਾਵਾਂ – ਰੈਡਿੰਗ ਲਈ ਸਿਖਲਾਈ ਅਤੇ ਰੋਜ਼ਗਾਰ ਦੀ ਸੇਵਾ

ਨਵੀਂਆਂ ਦਿਸ਼ਾਵਾਂ ਹੇਠ ਲਿਖੇ ਮਜ਼ਮੂਨਾਂ ਲਈ ਕੋਰਸ ਮੁਹੱਈਆ ਕਰਦੀ ਹੈ:

ਕਲਾ ਅਤੇ ਹੁਨਰ
ਸਰੀਰ ਅਤੇ ਮਨ
ਰਸੋਈ ਸਿੱਖਿਆ ਅਤੇ ਸ਼ਰਾਬ
ਸਲਾਹ ਦੇਣੀ
ਡਿਜੀਟਲ ਫੋਟੋਗ੍ਰਾਫੀ
ਅੰਗ੍ਰੇਜ਼ੀ ਅਤੇ ਗਣਿਤ (ਹਿਸਾਬ)
ਫੈਸ਼ਨ ਤਿਆਰ (ਡਿਜ਼ਾਈਨ) ਕਰਨਾ
ਸੂਚਨਾ ਸ਼ਿਲਪ–ਵਿਗਿਆਨ
ਬੋਲੀਆਂ (ਜਿਸ ਵਿਚ ਬਰਤਾਨਵੀ ਇਸ਼ਾਰਿਆਂ ਦੀ ਬੋਲੀ ਵੀ ਸ਼ਾਮਲ ਹੈ)
ਨਿਜੀ ਵਿਕਾਸ

### ਹੋਰ ਬੋਲੀਆਂ ਬੋਲਣ ਵਾਲਿਆਂ ਲਈ ਅੰਗ੍ਰੇਜ਼ੀ (ਈ ਐੱਸ ੳ ਐੱਲ)

ਰੋਜ਼ਾਨਾ ਜ਼ਿੰਦਗੀ ਵਿਚ ਅਤੇ ਨਵੀਂ ਨੌਕਰੀ ਲੱਭਣ ਲਈ ਸਹਾਇਤਾ ਕਰਨ ਵਾਸਤੇ ਨਵੀਂਆਂ ਦਿਸ਼ਾਵਾਂ ਰੈਡਿੰਗ ਵਿਚ ਕਈ ਗਰੁੱਪਾਂ ਨਾਲ ਮਿਲਕੇ ਅੰਗ੍ਰੇਜ਼ੀ ਦੇ ਕੋਰਸ ਮੁਹੱਈਆ ਕਰਨ ਲਈ ਕੰਮ ਕਰਦੀ ਹੈ।

ਕੀ ਅੰਗ੍ਰੇਜ਼ੀ ਤੁਹਾਡੀ ਦੂਸਰੀ ਬੋਲੀ ਹੈ?
ਕੀ ਤੁਸੀਂ ਆਪਣੀ ਅੰਗ੍ਰੇਜ਼ੀ ਦੀ ਯੋਗਤਾ ਵਧਾਉਣੀ ਚਾਹੋਗੇ?
ਸਾਡੇ ਦੂਸਰੀਆਂ ਬੋਲੀਆਂ ਬੋਲਣ ਵਾਲਿਆਂ ਲਈ ਅੰਗ੍ਰੇਜ਼ੀ (ਈ ਐੱਸ ੳ ਐੱਲ) ਦੇ ਕੋਰਸਾਂ ਵਿਚ ਅਸੀਂ ਅੰਗ੍ਰੇਜ਼ੀ ਦੇ ਨਾਲ ਨਾਲ ਨਾਗਰਿਕਤਾ ਵੀ ਸ਼ਾਮਲ ਕਰਦੇ ਹਾਂ।
ਜੇ ਤੁਸੀ ਬਰਿਟੇਨ ਦੀ ਨਾਗਰਿਕਤਾ ਲਈ ਬਿਨੈ ਪੱਤਰ ਭੇਜਣਾ ਚਾਹੁੰਦੇ ਹੋ, ਸਾਡੇ ਕੋਰਸ ਤੁਹਾਨੂੰ ਲੋੜੀਂਦੀ ਯੋਗਤਾ ਪ੍ਰਾਪਤ ਕਰਨ ਵਿਚ ਤੁਹਾਡੀ ਸਹਾਇਤਾ ਕਰਨਗੇ।

ਤੁਸੀਂ ਆਪਣਾ ਪਾਸਪੋਰਟ ਜ਼ਰੂਰ ਨਾਲ ਲਿਆਓ, ਅਸੀਂ ਤੁਹਾਨੂੰ ਇਸਤੋਂ ਬਿਨਾ ਦਾਖ਼ਲ ਨਹੀਂ ਕਰ ਸਕਦੇ।

ਜਦ ਤਕ ਕਿ ਤੁਸੀਂ ਕੋਈ ਸਰਕਾਰੀ ਭੱਤਾ (ਬੈਨਿਫਿਟ) ਨਾ ਲੈ ਰਹੇ ਹੋਵੋ ਜਾਂ ਤੁਹਾਡੀ ਆਮਦਨ ਘੱਟ ਨਾ ਹੋਵੇ ਤੁਹਾਨੂੰ ਆਪਣੇ ਕੋਰਸ ਲਈ ਪੈਸੇ ਦੇਣੇ ਪੈਣਗੇ। ਕਿਰਪਾ ਕਰਕੇ ਪੈਸੇ ਦੇਣ ਦਾ ਸਾਧਨ ਜਾਂ ਸਰਕਾਰੀ ਭੱਤਾ ਮਿਲਣ ਦਾ ਇਸ ਸਮੇਂ ਦਾ ਮੂਲ ਸਬੂਤ ਨਾਲ ਲੈਕੇ ਆਓ।

ਜੇ ਤੁਸੀਂ ਵਿਦੇਸ਼ੀ ਵਿਦਿਆਰਥੀ ਹੋ, ਫੀਸ ਵੱਧ ਹੋਵੇਗੀ। ਕਿਰਪਾ ਕਰਕੇ ਦਾਖ਼ਲ ਹੋਣ ਵਾਸਤੇ ਆਉਣ ਵੇਲੇ ਬੱਚਿਆਂ ਨੂੰ ਨਾਲ ਨਾ ਲਿਆਓ।

ਅਸੀਂ ਤੁਹਾਡੀ ਅੰਗ੍ਰੇਜ਼ੀ ਦੇ ਪੱਧਰ ਦਾ ਪਤਾ ਕਰਨ ਲਈ ਤੁਹਾਨੂੰ ਕੁਝ ਪ੍ਰੀਖਿਆਵਾਂ ਪੂਰੀਆਂ ਕਰਨ ਲਈ ਕਹਾਂਗੇ। ਇਸਨੂੰ 3 ਘੰਟੇ ਤਕ ਲੱਗ ਸਕਦੇ ਹਨ।

ਅਸੀਂ ਤੁਹਾਨੂੰ ਜਗ੍ਹਾ ਦੇਣ ਦਾ ਵਾਅਦਾ ਨਹੀਂ ਕਰ ਸਕਦੇ, ਪਰ ਜੋ ਕੁਝ ਵੀ ਅਸੀਂ ਕਰ ਸਕਦੇ ਹੋਵਾਂਗੇ ਕਰਾਂਗੇ!

### ਨੌਕਰੀ ਦਿਵਾਉਣ ਦੀਆਂ ਸੇਵਾਵਾਂ

ਰੈਡਿੰਗ ਦੇ ਇਲਾਕੇ ਵਿਚ ਰਹਿਣ ਵਾਲੇ ਲੋਕਾਂ ਲਈ ਨਵੀਂਆਂ ਦਿਸ਼ਾਵਾਂ ਨੌਕਰੀ ਦਿਵਾਉਣ ਦੀਆਂ ਮੁਫ਼ਤ ਸੇਵਾਵਾਂ ਹਨ। ਤੁਸੀਂ ਜਦੋਂ ਨਵੀਂ ਨੌਕਰੀ ਲੱਭ ਰਹੇ ਹੋਵੋ ਤੁਹਾਡੀ ਰਹਿਨੁਮਾਈ ਅਤੇ ਸਹਇਤਾ ਲਈ ਲੋੜੀਂਦੀਆਂ ਅਸੀਂ ਕਈ ਪਰਕਾਰ ਦੀਆਂ ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕਰਦੇ ਹਾਂ।

### ESOL Enrolment Sessions

**South Reading Centre**
13.30 -15.30 Wednesday 14 January 2009

**West Reading Centre**
09.30 – 12.30 Friday 16 January 2009

ਰੋਜ਼ੀ ਦੇ ਸਾਧਨਾਂ ਬਾਰੇ ਸਲਾਹ ਅਤੇ ਰਹਿਨੁਮਾਈ
ਸੀ ਵੀ (ਨਿਜੀ ਜਾਣਕਾਰੀ) ਬਾਰੇ ਸਲਾਹ
ਆਪਣੇ ਲਈ ਕੰਮ ਕਰਨ ਵਾਲਿਆਂ ਲਈ ਕੰਮ ਲੱਭਣ ਦੀਆਂ ਸੁਵਿਧਾਵਾਂ
ਰੁਜ਼ਗਾਰ ਬਾਰੇ ਕਾਰਖਾਨੇ

ਨਵੀਂਆਂ ਦਿਸ਼ਾਵਾਂ ਦਾ ਨਿਸ਼ਾਨਾ ਬਾਲਗਾਂ, ਪਰਵਾਰਾਂ ਲਈ ਸਿਖਲਾਈ ਅਤੇ ਰੁਜ਼ਗਾਰ ਦੇ ਸਭ ਤੋਂ ਉੱਤਮ ਮੌਕੇ ਮੁਹੱਈਆ ਕਰਨਾ ਹੈ ਜਿਸ ਨਾਲ ਰੈਡਿੰਗ ਦੇ ਸਾਰੇ ਭਾਈਚਾਰੇ ਦੀ ਲੋੜਾਂ ਅਤੇ ਇੱਛਾਵਾਂ ਪੂਰੀਆਂ ਹੋਣ।

**ਹੋਰ ਜਾਣਕਾਰੀ ਲਈ ਹੇਠ ਲਿਖੇ ਨਵੀਂਆਂ ਦਿਸ਼ਾਵਾਂ ਦੇ ਕਿਸੇ ਵੀ ਕੇਂਦਰ ਵਿਚ ਜਾ ਸਕਦੇ ਹੋ:**

**Central Reading Centre**
Thames Tower
37 – 45 Station Road
Reading
RG1 1LX

**North Reading Centre**
School Lane
Caversham
RG4 8HX

**South Reading Centre**
Northumberland Avenue
Reading
RG2 8DH

**West Reading Centre**
Wilson Road
Reading
RG30 2RW

ਜੇ ਤੁਹਾਨੂੰ ਅੰਗ੍ਰੇਜ਼ੀ ਬੋਲਣ ਵਿਚ ਔਖਿਆਈ ਹੁੰਦੀ ਹੈ, ਸਾਡੀ ਸਲਾਹ ਹੈ ਕਿ ਤੁਸੀਂ ਆਪਣੇ ਨਾਲ ਕਿਸੇ ਦੋਸਤ ਜਾਂ ਪਰਵਾਰ ਦੇ ਸਦੱਸ ਨੂੰ ਜਿਹੜਾ ਅੰਗ੍ਰੇਜ਼ੀ ਬੋਲ ਸਕਦਾ ਹੋਵੇ ਉਲਥੇ ਦੀ ਸਹਾਇਤਾ ਲਈ ਨਾਲ ਲਿਆਓ। ਨਵੀਂਆਂ ਦਿਸ਼ਾਵਾਂ ਗ੍ਰਾਹਕਾਂ ਨੂੰ ਰੈਡਿੰਗ ਬੌਰੋ ਵੱਲੋਂ ਚਲਾਈ ਜਾ ਰਹੀ ਮੁਫ਼ਤ ਉਲਥੇ ਦੀ ਸੇਵਾ ਦੇ ਹਵਾਲੇ ਕਰ ਸਕਦੀ ਹੈ।

ਨਵੀਂਆਂ ਦਿਸ਼ਾਵਾਂ ਨੂੰ 0845 842 0012 ਤੇ ਫ਼ੋਨ ਕਰੋ ਜਾਂ www.newdirectionsreading.co.uk ਤੇ ਜਾਓ